## ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਵਿਭਾਗ

ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਫ਼ਸਰ, ਹੁਸ਼ਿਆਰਪੁਰ ਦਾ ਦਫ਼ਤਰ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਹੁਸ਼ਿਆਰਪੁਰ ਵਿਖੇ ਸਥਿਤ ਹੈ। ਇਸ ਦਾ ਮੁੱਖੀ ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਫ਼ਸਰ, ਹੁਸ਼ਿਆਰਪੁਰ ਹੈ। ਇਸ ਜ਼ਿਲ੍ਹੇ ਵਿਚ ਦੋ ਸੁਆਸਥ ਕੇਂਦਰ ਮੁਕੇਰੀਆਂ ਅਤੇ ਹੁਸ਼ਿਆਰਪੁਰ ਵਿਖੇ ਚੱਲ ਰਹੇ ਹਨ। ਇੱਕ ਸਰਕਲ ਹਸਪਤਾਲ (10 ਬਿਸਤਰਿਆਂ ਦਾ ਪਿੰਡ ਦਤਾਰਪੁਰ ਵਿਖੇ ਚਲ ਰਿਹਾ ਹੈ) ਜੋ ਕਿ ਕੰਢੀ ਏਰੀਏ ਵਿਚ ਸਥਿਤ ਹੈ। ਇਸ ਤੋਂ ਇਲਾਵਾ 55 ਡਿਸਪੈਂਸਰੀਆਂ, ਜਿਨ੍ਹਾਂ ਵਿਚੋਂ 5 ਅਰਬਨ ਅਤੇ 50 ਰੂਰਲ/ਕੰਢੀ ਏਰੀਏ ਵਿਚ ਸਥਿਤ ਹਨ। ਇਹਨਾਂ ਡਿਸਪੈਂਸਰੀਆਂ ਅਤੇ ਸੁਆਸਥ ਕੇਂਦਰਾਂ/ਹਸਪਤਾਲ ਵਿਚ ਜੋ ਕਿ ਜ਼ਿਆਦਾਤਰ ਕੰਢੀ ਏਰੀਏ ਵਿਚ ਸਥਿਤ ਹਨ, ਹੇਠ ਲਿਖੀਆਂ ਸਕੀਮਾਂ/ਨੈਸ਼ਨਲ ਹੈਲਥ ਪ੍ਰੋਗਰਾਮਾਂ ਤਹਿਤ ਦਵਾਈਆਂ/ਫਰਨੀਚਰ ਤੇ ਹੋਰ ਸਾਜੋ ਸਮਾਨ ਮੁਹੱਈਆ ਕਰਵਾਉਣ ਦਾ ਪ੍ਰਬੰਧ ਹੈ:—

(ੳ) **ਸਕੀਮ ਏ.ਵਾਈ 2.3 (ਅਪਗਰੇਡੇਸ਼ਨ ਆਫ ਆਯੁਰਵੈਦਿਕ ਡਿਸਪੈਂਸਰੀਜ਼ ਇਨ ਟੂ ਸੁਆਸਥ ਕੇਂਦਰਜ਼)**

ਇਸ ਸਕੀਮ ਅਧੀਨ ਸਬ ਡਵੀਜ਼ਨ ਪੱਧਰ ਤੇ ਮੁਕੇਰੀਆਂ ਤੇ ਹੁਸ਼ਿਆਰਪਰ ਵਿਖੇ ਦੋ ਆਯੁਰਵੈਦਿਕ ਸੁਆਸਥ ਕੇਂਦਰ ਕੰਮ ਕਰ ਰਹੇ ਹਨ, ਇਨ੍ਹਾਂ ਸੁਆਸਥ ਕੇਂਦਰਾਂ ਵਿਚ ਮਰੀਜ਼ਾਂ ਨੂੰ ਵੇਖ ਕੇ ਮੁਫ਼ਤ ਦਵਾਈ ਦਿੱਤੀ ਜਾਂਦੀ ਹੈ। ਇਨ੍ਹਾਂ ਕੇਂਦਰਾਂ ਵਿਚ ਪੰਚ ਕਰਮਾਂ ਯੂਨਿਟ ਖੋਲ੍ਹਣ ਦੀ ਤਜਵੀਜ਼ ਹੈ। ਜਿਸ ਨਾਲ ਰੂਰਲ ਅਤੇ ਕੰਢੀ ਏਰੀਏ ਤੋਂ ਰੈਫਰ ਹੋ ਕੇ ਆਉਣ ਵਾਲੇ ਮਰੀਜ਼ਾਂ ਦਾ ਫਿਜ਼ਿਓਥਰੈਪੀ ਢੰਗ ਨਾਲ ਇਲਾਜ ਕੀਤਾ ਜਾਵੇਗਾ। ਇਨ੍ਹਾਂ ਕੇਂਦਰਾਂ ਨੂੰ 5 ਬੈਡ ਇਨਡੋਰ ਬਣਾਉਣ ਦੀ ਵੀ ਤਜਵੀਜ਼ ਹੈ।

(ਅ) **ਸਕੀਮ ਏ.ਵਾਈ 2.5 (ਨੈਸ਼ਨਲ ਹੈਲਥ ਪ੍ਰੋਗਰਾਮ ਇਮਪਲੀਮੈਂਟੇਸ਼ਨ ਥਰੂ ਆਯੁਰਵੇਦਾ)**

ਜ਼ਿਲ੍ਹਾ ਹੁਸ਼ਿਆਰਪੁਰ ਵਿਚ 55 ਡਿਸਪੈਂਸਰੀਆਂ ਹਨ, ਜਿਨ੍ਹਾਂ ਵਿਚੋਂ 5 ਅਰਬਨ ਅਤੇ 50 ਰੂਰਲ/ਕੰਢੀ ਏਰੀਏ ਵਿਚ ਸਥਿਤ ਹਨ। ਇਸ ਸਕੀਮ ਅਧੀਨ ਕੌਮੀ ਸਿਹਤ ਪ੍ਰੋਗਰਾਮ ਅਧੀਨ ਮਲੇਰੀਆ, ਜੱਚਾ-ਬੱਚਾ ਸਿਹਤ ਸੰਭਾਲ, ਕਮਜ਼ੋਰ ਬੱਚਿਆਂ ਦੀ ਦੇਖਭਾਲ ਤੇ ਫੈਮਲੀ ਪਲੈਨਿੰਗ ਸਬੰਧੀ ਮਰੀਜ਼ਾਂ ਲਈ ਮੁਫ਼ਤ ਦਵਾਈਆਂ ਦਿੱਤੀਆਂ ਜਾਂਦੀਆਂ ਹਨ।

(ੲ) **ਸਕੀਮ ਏ.ਵਾਈ 2.7 (ਸਟਰੈਂਥਿੰਗ ਆਫ ਆਈ.ਐਸ.ਐਮ. ਡਿਸਪੈਂਸਰੀਜ਼ ਵਾਈ ਪ੍ਰੋਵਾਈਡਿੰਗ ਫਰਨੀਚਰ ਇੱਕਊਪਮੈਂਟਸ ਐਂਡ ਮੈਡੀਸਨਜ਼, ਇਨ ਦਾ ਐਗਜ਼ਿਸਟਿੰਗ ਆਈ.ਐਸ.ਐਮ. ਡਿਸਪੈਂਸਰੀਜ਼)**

ਇਸ ਸਕੀਮ ਅਧੀਨ ਸਾਰੀਆਂ ਡਿਸਪੈਂਸਰੀਆਂ, ਸੁਆਸਥ ਕੇਂਦਰਾਂ ਅਤੇ ਹਸਪਤਾਲ ਨੂੰ ਉਥੇ ਦੀ ਮੰਗ ਅਨੁਸਾਰ ਫਰਨੀਚਰ, ਇੰਸਟਰੂਮੈਂਟ ਅਤੇ ਦਵਾਈਆਂ ਆਦਿ ਸਪਲਾਈ ਕੀਤੀਆਂ ਜਾਂਦੀਆਂ ਹਨ। ਜ਼ਿਆਦਾਤਰ ਦਵਾਈਆਂ ਦੀ ਘਾਟ ਮਹਿਸੂਸ ਕੀਤੀ ਜਾਂਦੀ ਹੈ ਤਾਂ ਜ਼ਿਆਦਾ ਤੋਂ ਜ਼ਿਆਦਾ ਰੂਰਲ/ਕੰਢੀ ਏਰੀਏ ਵਿਚ ਰਹਿਣ ਵਾਲੇ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਦਵਾਈਆਂ ਦਿੱਤੀਆਂ ਜਾਣ। ਮਰੀਜ਼ਾਂ ਨੂੰ ਵੇਖਣ ਲਈ ਇੰਸਟਰੂਮੈਂਟਸ ਅਤੇ ਬੈਠਣ ਲਈ ਫਰਨੀਚਰ ਵੀ ਮੁਹੱਈਆ ਕਰਵਾਇਆ ਜਾਂਦਾ ਹੈ।

ਇਨ੍ਹਾਂ ਡਿਸਪੈਂਸਰੀਆਂ ਵਿਚ ਹਰ ਬੀਮਾਰੀ ਦਾ ਇੰਡੀਅਨ ਸਿਸਟਮ ਆਫ ਮੈਡੀਸਨ ਪ੍ਰਣਾਲੀ ਦੁਆਰਾ ਇਲਾਜ ਕੀਤਾ ਜਾਂਦਾ ਹੈ। ਕੁਝ ਡਿਸਪੈਂਸਰੀਆਂ ਵਿਚ ਪੰਜ ਕਰਮਾਂ ਤੇ ਯੋਗਾ ਦੁਆਰਾ ਇਲਾਜ ਕਰਨ ਦੀ ਵੀ ਤਜਵੀਜ਼ ਹੈ।